# ਨਸਲੀ ਬਰਾਬਰੀ ਦੀ ਉੱਨਤੀ ਦੇ ਲਈ
# ਮੌਜੂਦਾ ਅਤੇ ਯੋਜਨਾਬੱਧ ਤਰੀਕੇ

## ਹਾਂਗ ਕਾਂਗ ਪੁਲਿਸ ਫ਼ੋਰਸ

ਹਾਂਗ ਕਾਂਗ ਦੀ ਪੁਲਿਸ ਫ਼ੋਰਸ (HKPF) ਨਸਲੀ ਬਰਾਬਰੀ, ਨਿਰਪੱਖਤਾ ਅਤੇ ਆਦਰ ਦੀ ਉੱਨਤੀ ਦੇ ਲਈ ਵਚਨਬੱਧ ਹੈ। ਉੱਚ ਗੁਣਵੱਤਾ ਦੀਆਂ ਸੇਵਾਵਾਂ ਦੇਣ ਵਿੱਚ, ਅਸੀਂ ਜਨਤਾ ਦੇ ਸਾਰੇ ਮੈਂਬਰਾਂ ਨਾਲ ਵਰਤਾਓ ਦੇ ਲਈ, ਉਨ੍ਹਾਂ ਦੇ ਨਸਲੀ ਪਿਛੋਕੜ ਨੂੰ ਵਿਚਾਰ ਕੀਤੇ ਬਿਨਾਂ, ਨਿਰਪੱਖਤਾ ਨੂੰ ਯਕੀਨੀ ਬਣਾਉਣ ਦੇ ਲਈ ਸਾਡੀਆਂ ਨੀਤੀਆਂ ਦੇ ਪ੍ਰਭਾਵ ਦਾ ਮੁਲਾਂਕਣ ਕਰਾਂਗੇ।

### A. ਜਨਤਾ ਦੇ ਮੈਂਬਰਾਂ ਨਾਲ ਵਰਤਾਓ

| | |
|---|---|
| ਸੰਬੰਧਿਤ ਸੇਵਾਵਾਂ | • ਜਨਤਾ ਦੇ ਨਾਲ ਸਾਡੇ ਸਾਰੇ ਵਰਤਾਓ ਦੇ ਵਿੱਚ ਨਸਲੀ ਬਰਾਬਰੀ ਨੂੰ ਯਕੀਨੀ ਬਣਾਉਣਾ |
| ਮੌਜੂਦਾ ਤਰੀਕੇ | • ਹਾਂਗ ਕਾਂਗ ਪੁਲਿਸ ਫ਼ੋਰਸ ਨੇ 13 ਪੁਲਿਸ ਜ਼ਿਲ੍ਹਿਆਂ ਦੇ ਵਿੱਚ ਪੁਲਿਸ ਸਮਾਜ ਸੰਪਰਕ ਸਹਾਇਕ (PCLA) ਸਕੀਮ ਲਾਗੂ ਕੀਤੀ ਹੋਈ ਹੈ। ਇਹ ਪੁਲਿਸ ਸਮਾਜ ਸੰਪਰਕ ਸਹਾਇਕ ਵਿਦੇਸ਼ੀ ਭਾਸ਼ਾਵਾਂ ਜਿਵੇਂ ਕਿ ਉਰਦੂ, ਥਾਈ ਜਾਂ ਹਿੰਦੀ ਵਿੱਚ ਨਿਪੁੰਨ ਹੁੰਦੇ ਹਨ। ਪੁਲਿਸ ਸਮਾਜ ਸੰਪਰਕ ਸਹਾਇਕ ਦੁਵੱਲੇ ਹਿੱਤਾਂ ਦੇ ਮਾਮਲਿਆਂ `ਤੇ ਵੱਖ - ਵੱਖ ਨਸਲ ਦੇ ਲੋਕਾਂ ਦੇ ਸਮਾਜਾਂ ਦੇ ਨਾਲ ਰੁਝਾਓ ਵਧਾਉਣ ਦੇ ਲਈ ਪੁਲਿਸ ਜ਼ਿਲ੍ਹਿਆਂ ਦੀ ਮਦਦ ਕਰਦੇ ਹਨ। |
| | • ਪੁਲਿਸ ਦੇ ਨਾਲ ਸੰਪਰਕ ਵਿੱਚ ਆਉਣ ਵਾਲੇ ਭਿੰਨ - ਭਿੰਨ ਨਸਲਾਂ ਦੇ ਲੋਕਾਂ ਵੱਲੋਂ ਬੋਲੀ ਜਾਂਦੀ ਭਾਸ਼ਾ ਦੀ ਪਛਾਣ ਕਰਨ ਵਿੱਚ ਮਦਦ ਵਾਸਤੇ ਪੁਲਿਸ ਦੇ ਸਾਰੇ ਰਿਪੋਰਟ ਕਮਰਿਆਂ ਵਿਖੇ ਭਾਸ਼ਾ ਦੀ ਸ਼ਨਾਖ਼ਤ ਦਾ ਇੱਕ ਇਸ਼ਤਿਹਾਰ ਦਿੱਤਾ ਜਾਂਦਾ ਹੈ ਜਿਸ ਵਿੱਚ ਸਿੰਹਾਲਾ, ਤਗਾਲੋਗ, ਤਾਮਿਲ, ਉਰਦੂ ਅਤੇ ਬੰਗਾਲੀ ਸਣੇ 25 ਭਾਸ਼ਾਵਾਂ ਹੁੰਦੀਆਂ ਹਨ। |

- ਪੁਲਿਸ ਵੱਲੋਂ ਜਾਰੀ ਕੀਤੇ ਜਾਂਦੇ ( ‘ਹਿਰਾਸਤੀ ਤਲਾਸ਼ੀ ਦਾ ਫ਼ਾਰਮ’ , ‘ਪੁਲਿਸ ਦੀ ਹਿਰਾਸਤ ਵਿੱਚ ਜਾਂ ਪੁਲਿਸ ਦੀ ਪੁੱਛ - ਗਿੱਛ ਵਿੱਚ ਸ਼ਾਮਿਲ ਵਿਅਕਤੀਆਂ ਲਈ ਨੋਟਿਸ’ , ‘ਗਿਰਫ਼ਤਾਰੀ ਅਤੇ ਹਿਰਾਸਤ ਦੇ ਨਿਰਦੇਸ਼’ ਅਤੇ ‘ਪੁਲਿਸ ਦੇ ਹਿਰਾਸਤ ਦੀਆਂ ਥਾਂਵਾਂ ਵਿੱਚ ਸਲੂਕ ਅਤੇ ਸਥਿਤੀਆਂ’ ਸਣੇ ) ਹਿਰਾਸਤ ਵਿਚਲੇ ਵਿਅਕਤੀਆਂ ਦੇ ਲਈ ਨੋਟਿਸਾਂ ਅਤੇ ਫ਼ਾਰਮਾਂ ਨੂੰ ਇਹ ਯਕੀਨੀ ਬਣਾਉਣ ਦੇ ਲਈ 25 ਭਾਸ਼ਾਵਾਂ ਵਿੱਚ ਲਿਖਤੀ ਰੂਪ ਵਿੱਚ ਅਨੁਵਾਦ ਕੀਤਾ ਗਿਆ ਹੈ ਕਿ ਹਿਰਾਸਤ ਦੇ ਵਿੱਚ ਭਿੰਨ - ਭਿੰਨ ਨਸਲਾਂ ਵਾਲੇ ਲੋਕ ਪੁਲਿਸ ਦੀਆਂ ਸੰਬੰਧਿਤ ਨੀਤੀਆਂ ਨੂੰ ਸਮਝ ਸਕਣ ਜਿਨ੍ਹਾਂ ਦਾ ਅਸਰ ਉਨ੍ਹਾਂ `ਤੇ ਪੈ ਸਕਦਾ ਹੈ।
- ਪੁਲਿਸ ਦੀ ਹਿਰਾਸਤ ਵਿੱਚ ਮੌਜੂਦ ਭਿੰਨ - ਭਿੰਨ ਨਸਲਾਂ ਦੇ ਲੋਕਾਂ ਦੀਆਂ ਧਾਰਮਿਕ ਲੋੜਾਂ ਨੂੰ ਜਿਵੇਂ ਕਿ ਧਾਰਮਿਕ ਲਿਖਤਾਂ, ਇਬਾਦਤ ਕਰਨ ਲਈ ਦਿਸ਼ਾ ਸੂਚਕ ਚਿੰਨ੍ਹ ਅਤੇ ਖ਼ਾਸ ਕਿਸਮ ਦੀਆਂ ਖੁਰਾਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਲਈ ਖ਼ਾਸ ਤਰੀਕੇ ਚੱਲ ਰਹੇ ਹਨ ।

ਭਵਿੱਖ ਦੇ ਕੰਮ ਦਾ ਮੁਲਾਂਕਣ

- ਜਿੱਥੇ ਜ਼ਰੂਰਤ ਪੈਂਦੀ ਹੈ ਹਾਂਗ ਕਾਂਗ ਦੀ ਪੁਲਿਸ ਫ਼ੋਰਸ ਸਮੇਂ - ਸਮੇਂ `ਤੇ ਸੇਵਾਵਾਂ ਦੀ ਸਮੀਖਿਆ ਕਰੇਗੀ ਅਤੇ ਸੁਧਾਰ ਕਰੇਗੀ ।

ਕੀਤੇ ਗਏ / ਕੀਤੇ ਜਾਣ ਵਾਲੇ ਵਾਧੂ ਉਪਾਅ

- ਨਵੰਬਰ 2016 ਤੋਂ, HKPF ਨੇ ਗ੍ਰਹਿ ਵਿਭਾਗ ਦੁਆਰਾ ਫੰਡ ਪ੍ਰਾਪਤ ਇੱਕ ਸੰਗਠਨ ਨਾਲ ਮਿਲ ਕੇ ”TRANSLINK” ਨਾਮਕ ਇੱਕ ਪ੍ਰੋਜੈਕਟ ਲਾਗੂ ਕੀਤਾ ਹੈ । ਪ੍ਰੋਜੈਕਟ ਦੇ ਤਹਿਤ, ਪੁਲਿਸ ਰਿਪੋਰਟ ਰੂਮਾਂ ਵਿੱਚ ਅੱਠ ਆਮ ਗੈਰ-ਨਸਲੀ ਚੀਨੀ ਭਾਸ਼ਾਵਾਂ, ਜਿਵੇਂ ਕਿ ਉਰਦੂ, ਨੇਪਾਲੀ, ਪੰਜਾਬੀ, ਹਿੰਦੀ, ਬਹਾਸਾ ਇੰਡੋਨੇਸ਼ੀਆ, ਥਾਈ, ਤਾਗਾਲੋਗ ਅਤੇ ਵੀਅਤਨਾਮੀ ਵਿੱਚ ਤੁਰੰਤ ਟੈਲੀਫੋਨ ਵਿਆਖਿਆ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ । ਅਪ੍ਰੈਲ 2025 ਤੋਂ ਸੇਵਾ ਦੇ ਦਾਇਰੇ ਦਾ ਵਿਸਤਾਰ ਕੀਤਾ ਗਿਆ ਹੈ, ”TRANSLINK 2.0” ਨੂੰ ਫੋਰਸ-ਵਿਆਪੀ ਲਾਗੂ ਕੀਤਾ ਗਿਆ ਹੈ ਜਿਸ ਨਾਲ ਸਾਰੇ ਵਰਦੀਧਾਰੀ ਅਫਸਰਾਂ ਨੂੰ ਫੋਰਸ ਸਮਾਰਟ ਡਿਵਾਈਸ ਨਾਲ ਗਸ਼ਤ ਦੌਰਾਨ ਜਾਂ ਗੈਰ-ਨਸਲੀ ਚੀਨੀ (NEC) ਨਾਲ ਸਬੰਧਤ ਘਟਨਾ ਨੂੰ ਸੰਭਾਲਣ ਦੌਰਾਨ ਬੀਟ ’ਤੇ ਸੇਵਾ ਦੀ ਵਰਤੋਂ ਕਰਨ ਦੀ ਆਗਿਆ ਮਿਲਦੀ ਹੈ ।

- ਹਾਂਗ ਕਾਂਗ ਪੁਲਿਸ ਫ਼ੋਰਸ ਇਹ ਯਕੀਨੀ ਬਣਾਉਣ ਦੇ ਲਈ ਕਿ ਸਾਰੀਆਂ ਸੇਵਾਵਾਂ ਜਨਤਾ ਦੇ ਸਾਰੇ ਮੈਂਬਰਾਂ ਨੂੰ, ਉਨ੍ਹਾਂ ਦੇ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਬਰਾਬਰੀ ਦੇ ਨਾਲ ਦੇਣ ਲਈ ਭਿੰਨ - ਭਿੰਨ ਨਸਲਾਂ ਦੇ ਲੋਕਾਂ ਦੀਆਂ ਲੋੜਾਂ ਨੂੰ ਨਜ਼ਰਾਂ ਵਿੱਚ ਰੱਖਣਾ ਜਾਰੀ ਰੱਖੇਗੀ ਅਤੇ ਲੋੜੀਂਦੇ ਤਰੀਕੇ ਚਾਲੂ ਕਰਦੀ ਰਹੇਗੀ।

## B. ਰੁਜ਼ਗਾਰ ਦੇ ਮੌਕੇ

ਸੰਬੰਧਿਤ ਸੇਵਾਵਾਂ

- ਹਾਂਗ ਕਾਂਗ ਪੁਲਿਸ ਫ਼ੋਰਸ ਦੀਆਂ ਨੌਕਰੀਆਂ ਦੇ ਸਾਰੇ ਬਿਨੈਕਾਰਾਂ ਨੂੰ ਰੁਜ਼ਗਾਰ ਦੇ ਬਰਾਬਰ ਮੌਕੇ ਦੇਣੇ।

ਮੌਜੂਦਾ ਤਰੀਕੇ

- ਹਾਂਗ ਕਾਂਗ ਪੁਲਿਸ ਫ਼ੋਰਸ ਦੀਆਂ ਨੌਕਰੀਆਂ ਦੀਆਂ ਅਸਾਮੀਆਂ ਦਾਖ਼ਲੇ ਦੀਆਂ ਸਾਧਾਰਣ ਮੰਗਾਂ ਨੂੰ ਪੂਰਾ ਕਰਨ ਵਾਲੇ ਸਾਰੇ ਬਿਨੈਕਾਰਾਂ ਦੇ ਲਈ ਖੁੱਲ੍ਹੀਆਂ ਹਨ ।

- ਪੁਲਿਸ ਦੀ ਭਰਤੀ ਦੇ ਲਈ, ਹਾਂਗ ਕਾਂਗ ਪੁਲਿਸ ਫ਼ੋਰਸ ਨੇ ਪੁਲਿਸ ਕਾਂਸਟੇਬਲਾਂ ਨੂੰ ਭਰਤੀ ਕਰਨ ਦੇ ਲਈ ਘਟਨਾ ਨੂੰ ਨਜਿੱਠਣ ਦੀ ਵਿਹਾਰਕ ਪ੍ਰੀਖਿਆ ਵਿੱਚ ਅਜਿਹੀ ਸੋਧ ਕੀਤੀ ਹੈ ਕਿ ਉਮੀਦਵਾਰਾਂ ਨੂੰ ਅੰਗ੍ਰੇਜ਼ੀ ਅਤੇ ਚੀਨੀ ਉਨ੍ਹਾਂ ਸਥਿਤੀਆਂ ਵਿੱਚ ਲਿਖਣੀ ਪਵੇਗੀ ਜੋ ਪੁਲਿਸ ਦੇ ਆਪ੍ਰੇਸ਼ਨਾਂ ਦੀ ਨਕਲ ਵਰਗੀਆਂ ਹਨ । ਚੋਣ ਪ੍ਰਕਿਰਿਆ ਦੇ ਦੌਰਾਨ ਵਿਦੇਸ਼ੀ ਭਾਸ਼ਾਵਾਂ ਦੇ ਹੁਨਰ ਵਾਲੇ ਉਮੀਦਵਾਰਾਂ ਨੂੰ ਵਾਧੂ ਨੰਬਰ ਦਿੱਤੇ ਜਾਣਗੇ, ਜਿਨ੍ਹਾਂ ਦੀ ਲਿਖਤੀ ਅਤੇ ਜ਼ੁਬਾਨੀ ਨਿਪੁੰਨਤਾ ਨੂੰ ਦੁਭਾਸ਼ੀਏ ਦੀ ਮਦਦ ਦੇ ਨਾਲ ਪਰਖਿਆ ਜਾਵੇਗਾ।

- ਭਰਤੀ ਡਿਵੀਜ਼ਨ ਨੇ ਗ਼ੈਰ-ਚੀਨੀ (NEC) ਰੈਫ਼ਰਲ ਸਿਸਟਮ ਦੀ ਸ਼ੁਰੂਆਤ ਕੀਤੀ ਹੈ। ਪੁਲਿਸ ਦੀ ਭਰਤੀ ਦੀ ਚੋਣ ਪ੍ਰਕਿਰਿਆ ਵਿੱਚ ਫ਼ੇਲ੍ਹ ਹੋ ਜਾਣ ਵਾਲੇ ਭਿੰਨ -ਭਿੰਨ ਨਸਲ ਦੇ ਉਮੀਦਵਾਰਾਂ ਨੂੰ ਉਨ੍ਹਾਂ ਦੀ ਸਹਿਮਤੀ ਉਪਰੰਤ ਪੁਲਿਸ ਜ਼ਿਲ੍ਹਿਆਂ ਦੇ ਸਮਾਜ ਰੁਝਾਓ ਦੇ ਪ੍ਰੋਜੈਕਟਾਂ ਵਿੱਚ ਭੇਜਿਆ ਜਾਵੇਗਾ। ਇਹ ਭੇਜੇ ਜਾਣ ਦਾ ਟੀਚਾ ਉਨ੍ਹਾਂ ਦੀ ਚੀਨੀ ਭਾਸ਼ਾ ਵਿੱਚ ਨਿਪੁੰਨਤਾ ਅਤੇ ਇੰਟਰਵਿਊ ਦੀ ਤਿਆਰੀ ਨੂੰ ਵਧਾਉਣਾ ਹੈ ਤਾਂ ਕਿ ਉਹ ਭਵਿੱਖ ਦੀਆਂ ਭਰਤੀਆਂ ਦੇ ਮੁਲਾਂਕਣਾਂ ਦੇ ਲਈ ਹੋਰ ਤਿਆਰ ਰਹਿਣ।

- ਹਾਂਗ ਕਾਂਗ ਪੁਲਿਸ ਫ਼ੋਰਸ ਨੇ ਚੋਣ ਪ੍ਰਕਿਰਿਆ ਵਿੱਚ ਪੁਲਿਸ ਕਾਂਸਟੇਬਲ ਭਰਤੀ ਲਿਖਤੀ ਪ੍ਰੀਖਿਆ (RPC WE) ਦੀ ਸ਼ੁਰੂਆਤ ਕੀਤੀ ਹੈ। ਪੁਲਿਸ ਕਾਂਸਟੇਬਲ ਭਰਤੀ ਲਿਖ਼ਤੀ ਪ੍ਰੀਖਿਆ ਵਿੱਚੋਂ ਪਾਸ ਹੋਣ ਵਾਲੇ ਉਮੀਦਵਾਰ ਨੂੰ ਕਾਂਸਟੇਬਲ (ਦੇ ਰੈਂਕ) ਦੀਆਂ ਜ਼ਿੰਮੇਵਾਰੀਆਂ ਲਈ ਭਾਸ਼ਾ ਦੀ ਨਿਪੁੰਨਤਾ ਦੀਆਂ ਮੰਗਾਂ ਨੂੰ ਪੂਰਾ

| | | |
|---|---|---|
| | | ਕਰਦਾ ਸਮਝਿਆ ਜਾਵੇਗਾ ਅਤੇ ਇਹ ਨਤੀਜਾ ਰਿਕਰੂਟ ਪੁਲਿਸ ਕਾਂਸਟੇਬਲ ਦੇ ਉਮੀਦਵਾਰਾਂ ਦੇ ਲਈ ਹਮੇਸ਼ਾ ਵੈਧ ਰਹੇਗਾ। ਪੁਲਿਸ ਕਾਂਸਟੇਬਲ ਭਰਤੀ ਲਿਖ਼ਤੀ ਪ੍ਰੀਖਿਆ ਉਮੀਦਵਾਰਾਂ ਨੂੰ ਭਾਸ਼ਾ ਦੀ ਨਿਪੁੰਨਤਾ ਦੀਆਂ ਮੰਗਾਂ ਨੂੰ ਪੂਰਾ ਕਰਨ ਦੇ ਲਈ ਇੱਕ ਬਦਲਵਾਂ ਰਸਤਾ ਦੇਵੇਗੀ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • | ਹਾਂਗ ਕਾਂਗ ਪੁਲਿਸ ਫ਼ੋਰਸ ਮੌਜੂਦਾ ਤਰੀਕੇ ਲਾਗੂ ਕਰਨੇ ਜਾਰੀ ਰੱਖੇਗੀ। |
| ਸ਼ੁਰੂ ਕੀਤੇ ਜਾ ਚੁੱਕੇ/ ਕੀਤੇ ਜਾਣ ਵਾਲੇ ਵਾਧੂ ਤਰੀਕੇ | • | ਹਾਂਗ ਕਾਂਗ ਪੁਲਿਸ ਫ਼ੋਰਸ ਵਿਦਿਆਰਥੀਆਂ ਨੂੰ ਹਾਂਗ ਕਾਂਗ ਪੁਲਿਸ ਫ਼ੋਰਸ ਵਿੱਚ ਭਰਤੀ ਹੋਣ ਲਈ ਉਤਸ਼ਾਹਿਤ ਕਰਨ ਦੇ ਲਈ ਭਿੰਨ - ਭਿੰਨ ਨਸਲਾਂ ਦੇ ਵਿਦਿਆਰਥੀਆਂ ਵਾਲਿਆਂ ਸਣੇ ਵਿੱਦਿਅਕ ਅਦਾਰਿਆਂ, ਗ਼ੈਰ ਸਰਕਾਰੀ ਸੰਸਥਾਵਾਂ (NGO) ਅਤੇ ਸਕੂਲਾਂ ਦੇ ਨਾਲ ਹਿੱਸੇਦਾਰੀ ਵਿੱਚ ਕੰਮ ਕਰੇਗੀ। |

## C. ਸਟਾਫ਼ ਦੀ ਸਿਖਲਾਈ

| | | |
|---|---|---|
| ਸੰਬੰਧਿਤ ਸੇਵਾਵਾਂ | • | ਅਫ਼ਸਰਾਂ ਦੀ ਨਸਲੀ ਸੰਵੇਦਨਸ਼ੀਲਤਾ ਦੀ ਜਾਗਰੂਕਤਾ ਅਤੇ ਨਸਲੀ ਬਰਾਬਰੀ ਦੀ ਸਮਝ ਨੂੰ ਵਧਾਉਣਾ। |
| ਮੌਜੂਦਾ ਤਰੀਕੇ | • | ਸਾਰੇ ਅਫ਼ਸਰਾਂ ਨੂੰ ਨਸਲੀ ਵਿਤਕਰਾ ਕਾਨੂੰਨ ਦੇ ਵਿਸ਼ਾ ਵਸਤੂ ਅਤੇ ਸੰਬੰਧਿਤ ਦਿਸ਼ਾ ਨਿਰਦੇਸ਼ਾਂ ਬਾਰੇ ਸਾਰੇ ਅਫ਼ਸਰਾਂ ਨੂੰ ਬੁਨਿਆਦੀ ਅਤੇ ਸੇਵਾ ਦੌਰਾਨ ਟ੍ਰੇਨਿੰਗ ਦੇ ਦੌਰਾਨ ਪੁਲਿਸ ਕਾਲਜ ਵਿਖੇ ਸਿਖਲਾਈ ਦਿੱਤੀ ਜਾਂਦੀ ਹੈ। |
| | • | ਅਫ਼ਸਰਾਂ ਦੇ ਲਈ ਭਿੰਨ - ਭਿੰਨ ਨਸਲਾਂ ਦੇ ਸੱਭਿਆਚਾਰਾਂ ਅਤੇ ਭਾਸ਼ਾਵਾਂ ਬਾਰੇ ਜਾਗਰੂਕਤਾ ਅਤੇ ਉਨ੍ਹਾਂ ਦੀ ਸਮਝ ਨੂੰ ਵਧਾਉਣ ਦੇ ਲਈ ਸਮੇਂ - ਸਮੇਂ `ਤੇ, ਵਰਕਸ਼ਾਪਾਂ, ਸੈਮੀਨਾਰ ਅਤੇ ਤਜ਼ਰਬਾ ਸਾਂਝਾ ਕਰਨ ਦੇ ਇਜਲਾਸ ਵੀ ਕਰਵਾਏ ਜਾਂਦੇ ਹਨ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • | ਨਸਲੀ ਬਰਾਬਰੀ ਦੇ ਮੁੱਦਿਆਂ `ਤੇ ਅਫ਼ਸਰਾਂ ਦੀ ਢੁੱਕਵੀਂ ਸਿਖਲਾਈ ਦਾ ਇੰਤਜ਼ਾਮ ਕਰਨ ਦੇ ਲਈ ਹਾਂਗ ਕਾਂਗ ਪੁਲਿਸ ਫ਼ੋਰਸ ਹੋਰਨਾਂ ਸਰਕਾਰੀ ਮਹਿਕਮਿਆਂ ਅਤੇ ਗ਼ੈਰ ਸਰਕਾਰੀ ਸੰਸਥਾਵਾਂ ਦੇ ਨਾਲ ਸੰਪਰਕ ਕਰੇਗੀ। . |
| ਸ਼ੁਰੂ ਕੀਤੇ ਜਾ ਚੁੱਕੇ/ ਕੀਤੇ ਜਾਣ ਵਾਲੇ ਵਾਧੂ ਤਰੀਕੇ | • | ਮੌਜੂਦਾ ਟ੍ਰੇਨਿੰਗ ਵਾਲੇ ਪ੍ਰੋਗਰਾਮਾਂ ਨੂੰ ਕਰਵਾਇਆ ਜਾਣਾ ਜਾਰੀ ਰਹੇਗਾ। . |

- ਸਿਖਲਾਈ ਦੇ ਪ੍ਰੋਗਰਾਮਾਂ ਦੇ ਵਿਸ਼ਾ ਵਸਤੂ ਨੂੰ ਹੋਰ ਸੁਆਰਨ ਦੇ ਲਈ ਅਫ਼ਸਰਾਂ, ਹੋਰਨਾਂ ਸਰਕਾਰੀ ਮਹਿਕਮਿਆਂ ਅਤੇ ਗ਼ੈਰ ਸਰਕਾਰੀ ਸੰਸਥਾਵਾਂ ਵੱਲੋਂ ਫ਼ੀਡਬੈਕ ਅਤੇ ਟਿੱਪਣੀਆਂ ਵੀ ਇਕੱਠੀਆਂ ਕੀਤੀਆਂ ਜਾਣਗੀਆਂ।

ਨਸਲੀ ਬਰਾਬਰੀ ਦੀ ਉੱਨਤੀ ਦੇ ਲਈ ਮੌਜੂਦਾ ਅਤੇ ਯੋਜਨਾਬੱਧ ਤਰੀਕਿਆਂ ਦੇ ਸੰਬੰਧ ਵਿੱਚ ਪੁੱਛ ਪੜਤਾਲ ਦੇ ਵਾਸਤੇ, ਕਿਰਪਾ ਕਰਕੇ ਪੁਲਿਸ ਦੇ ਰਿਪੋਰਟ ਕਮਰਿਆਂ ਵਿੱਚ ਪੁਲਿਸ ਦੇ ਰਿਪੋਰਟ ਰੂਮ ਵਾਲੇ ਸਟਾਫ਼ ਦੇ ਨਾਲ ਸੰਪਰਕ ਕਰੋ, ਜਿੱਥੇ ਕਿ ਦਿਨ ਰਾਤ ਇਹ ਸੇਵਾ ਦਿੱਤੀ ਜਾਵੇਗੀ। ਰਿਪੋਰਟ ਕਮਰਿਆਂ ਦੇ ਬਾਰੇ ਜਾਣਕਾਰੀ ਹੇਠ ਦਿੱਤੇ ਲਿੰਕ ਰਾਹੀਂ ਲੱਭੀ ਜਾ ਸਕਦੀ ਹੈ :

http://www.police.gov.hk/ppp_en/contact_us.html

ਉਪਰੋਕਤ ਤਰੀਕਿਆਂ ਦੇ ਲਈ ਪੁੱਛ ਪੜਤਾਲ ਪੁਲਿਸ ਦੇ ਹੌਟਲਾਈਨ ਨੰਬਰ 2527 7177 `ਤੇ ਵੀ ਕੀਤੀ ਜਾ ਸਕਦੀ ਹੈ।

**ਹਾਂਗ ਕਾਂਗ ਪੁਲਿਸ ਫ਼ੋਰਸ**
**ਮਈ 2025**